# ਪੰਜਾਬ ਸਕੂਲ ਸਿੱਖਿਆ ਬੋਰਡ

ਪੰਜਾਬ ਰਾਜ ਨਾਲ ਸਬੰਧਤ ਸਕੂਲਾਂ ਦੇ ਸਮੂਹ ਸਕੂਲ ਮੁੱਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੈਸ਼ਨ 2024-25 ਲਈ ਅੱਠਵੀਂ ਤੋਂ ਬਾਰ੍ਹਵੀਂ ਸ਼੍ਰੇਣੀ ਵਿੱਚ ਗਲਤ ਫਾਰਮਾਂ ਵਿੱਚ ਰਜਿਸਟਰਡ ਹੋਏ ਵਿਦਿਆਰਥੀਆਂ ਸਬੰਧੀ :-

(1) ਸਕੂਲਾਂ ਵੱਲੋਂ ਆਨ-ਲਾਈਨ ਐਂਟਰੀ ਕਰਦੇ ਸਮੇਂ ਗਲਤ ਫਾਰਮਾਂ ਵਿੱਚ ਭਾਵ A-1 ਦੀ ਥਾਂ A-2 , N-3 ਦੀ ਥਾਂ N-2 ਆਦਿ ਵਿੱਚ ਐਂਟਰੀ ਕਰ ਦਿੱਤੀ ਗਈ ਹੈ ,ਅਜਿਹੇ ਵਿਦਿਆਰਥੀਆਂ ਦੇ ਫਾਰਮਾਂ ਦੀ ਸੋਧ ਰਜਿਸਟਰੇਸ਼ਨ ਸ਼ਾਖਾ ਵੱਲੋਂ 200/-ਰੁ: ਪ੍ਰਤੀ ਵਿਦਿਆਰਥੀ ਫੀਸ, ਸਕੂਲ ਦਾ ਲੈਟਰ ਹੈੱਡ ਅਤੇ ਹੇਠਲੀ ਸ਼੍ਰੇਣੀ ਦੇ ਦਸਤਾਵੇਜ (ਨਤੀਜਾ ਕਾਰਡ ਜਾਂ ਟਰਾਂਸਫਰ ਸਰਟੀਫਿਕੇਟ) ਲੈ ਕੇ ਗਲਤ ਰਜਿਸਟਰਡ ਹੋਏ ਵਿਦਿਆਰਥੀਆਂ ਨੂੰ ਸਹੀ ਫਾਰਮ (ਜਿਵੇਂ ਕਿ A2-A1, N2-N3, M2-M1, E2-E1, T2-T1 ਆਦਿ) ਵਿੱਚ ਸ਼ਿਫਟ ਕੀਤਾ ਜਾਵੇਗਾ ਅਤੇ ਉਹਨਾਂ ਦਾ ਪੁਰਾਣਾ ਰਜਿਸਟਰੇਸ਼ਨ ਨੰਬਰ ਅਪਡੇਟ ਕੀਤਾ ਜਾਵੇਗਾ।

(2) ਇਸ ਤੋਂ ਇਲਾਵਾ ਹੋਰ ਫਾਰਮਾਂ ਜਿਵੇਂ A1-A2,N3-N2,M1-M2,E1-E2,T1-T2 ਆਦਿ ਦੀ ਸੋਧ ਲਈ ਸਕੂਲਾਂ ਵੱਲੋਂ F2,A2,N-2,M2 ਆਦਿ ਫਾਰਮ ਦੀ Balance ਫੀਸ, ਸਕੂਲ ਦਾ ਲੈਟਰ ਹੈੱਡ ਅਤੇ ਹੇਠਲੀ ਸ਼੍ਰੇਣੀ ਦੇ ਦਸਤਾਵੇਜ (ਨਤੀਜਾ ਕਾਰਡ ਜਾਂ ਟਰਾਂਸਫਰ ਸਰਟੀਫਿਕੇਟ) ਅਤੇ ਬਣਦੀ ਫੀਸ ਦੀ ਰਸੀਦ ਮੁੱਖ ਦਫਤਰ(ਰਜਿਸਟਰੇਸ਼ਨ ਸ਼ਾਖਾ) ਜਮ੍ਹਾਂ ਕਰਵਾਉਣ ਉਪਰੰਤ ਰਜਿਸਟਰੇਸ਼ਨ ਸ਼ਾਖਾ ਵੱਲੋਂ ਸੋਧ ਕਰਵਾਈ ਜਾ ਸਕਦੀ ਹੈ।

(3) ਉਪਰੋਕਤ ਤੋਂ ਇਲਾਵਾ ਬਹੁਤ ਸਾਰੇ ਸਕੂਲਾਂ ਵੱਲੋਂ ਵਿਦਿਆਰਥੀਆਂ ਦੀ ਐਂਟਰੀ ਕਰਦੇ ਸਮੇਂ ਗਲਤ ਰਜਿਸਟਰੇਸ਼ਨ ਨੰਬਰ ਭਰ ਦਿੱਤੇ ਗਏ ਹਨ, ਇਸ ਸਬੰਧੀ ਸਕੂਲਾਂ ਵੱਲੋਂ ਸਕੂਲ ਦਾ ਲੈਟਰ ਪੈਡ, ਵਿਦਿਆਰਥੀਆਂ ਦੇ ਸਹੀ ਸਰਟੀਫਿਕੇਟ ਅਤੇ 500/- ਪ੍ਰਤੀ ਵਿਦਿਆਰਥੀ ਫੀਸ ਪ੍ਰਾਪਤ ਕਰਨ ਉਪਰੰਤ ਮੁੱਖ ਦਫਤਰ, ਰਜਿਸਟਰੇਸ਼ਨ ਸ਼ਾਖਾ ਵਿੱਚ ਸੋਧ ਕਰਵਾਈ ਜਾ ਸਕਦੀ ਹੈ।

10.10.24

ਉਪ-ਸਕੱਤਰ (ਰਜਿ.)

10/10/24